N.C.R.B/ਐਨ.ਸੀ.ਆਰ.ਬੀ
I.I.F.-I /ਏਕੀਕ੍ਰਿਤ ਤਫਤੀਸ਼ੀ ਫਾਰਮ -I

# FIRST INFORMATION REPORT

(Under Section 154 Cr.P.C.)
(ਅੱਵਲ ਸੂਚਨਾ ਰਿਪੋਰਟ )
(ਧਾਰਾ 154 ਦੰਡ ਪ੍ਰਕਿਰਿਆ ਸਹਿੰਤਾ ਦੇ ਤਹਿਤ )

1. District (ਜ਼ਿਲ੍ਹਾ ): HOSHIARPUR    P.S.(ਥਾਣਾ ): HAJIPUR    Year(ਸਾਲ ): 2022

FIR No. (ਐਫ.ਆਈ.ਆਰ ਸੰ): 0010    Date and Time of FIR (ਐਫ.ਆਈ.ਆਰ ਦੀ ਤਰੀਕ ਅਤੇ ਸਮਾਂ ): 07/03/2022 19:17 hrs

Is FIR election related (Yes/No) (ਕੀ ਚੋਣ ਨਾਲ ਸੰਬੰਧਿਤ ਐਫ.ਆਈ.ਆਰ. ਹੈ?) (ਹਾਂ / ਨਹੀਂ)): No    Election Type ( ਚੋਣ ਦੀ ਕਿਸਮ ): NA

2.

| S.No.(ਲੜੀ ਨੰ.) | Acts (ਕਾਨੂੰਨ ) | Sections (ਧਾਰਾਵਾਂ) |
|---|---|---|
| 1 | IPC 1860 | 307 |
| 2 | IPC 1860 | 323 |
| 3 | IPC 1860 | 324 |
| 4 | IPC 1860 | 427 |
| 5 | IPC 1860 | 148 |
| 6 | IPC 1860 | 149 |
| 7 | IPC 1860 | 506 |

3. (a) Occurrence of offence (ਅਪਰਾਧ ਦੀ ਘਟਨਾ):

1. Day(ਦਿਨ): Intervening Day    Date From (ਤਰੀਕ ਤੋਂ): 05/03/2022    Date To (ਤਰੀਕ ਤਕ): 07/03/2022

Time Period (ਸਮਾਂ ਮਿਆਦ):    Time From (ਸਮੇ ਤੋ): 11:15 hrs    Time To (ਸਮੇ ਤਕ): 17:55 hrs

(b) Information received at P.S.(ਥਾਣੇ ਵਿਚ ਸੂਚਨਾ ਪ੍ਰਾਪਤ ਹੋਣ ਦੀ ਮਿਤੀ ਅਤੇ ਸਮਾਂ): Date (ਮਿਤੀ): 07/03/2022    Time (ਸਮਾਂ): 18:30 hrs

(c) General Diary Reference (ਰੋਜਨਾਮਚਾ ਸੰਦਰਭ) : Entry No. (ਪ੍ਰਵਿਸ਼ਟੀ ਸੰ): 036    Date & Time (ਤਰੀਕ ਅਤੇ ਸਮਾ) : 07/03/2022 18:43 hrs

4. Type of Information (ਜਾਣਕਾਰੀ ਦੀ ਕਿਸਮ): Written

5. Place of Occurrence (ਘਟਨਾ ਸਥਾਨ ):

1. (a) Direction and distance from P.S. (ਥਾਣੇ ਤੋਂ ਦੂਰੀ ਅਤੇ ਦਿਸ਼ਾ): WEST, 03 Km(s)    Beat No. (ਬੀਟ ਸੰ.) :

(b) Address (ਪਤਾ): KULLIAN LUBANA

(c) In case, outside the limit of this Police Station, then (ਜੇਕਰ ਥਾਣਾ ਸੀਮਾ ਤੋਂ ਬਾਹਰ ਹੈ ਤਾਂ)

Name of P.S (ਥਾਣੇ ਦਾ ਨਾਮ):    District(State) (ਜ਼ਿਲ੍ਹਾ ( ਰਾਜ ) ):

ਰਜਿਸਟਰ ਨੰਬਰ 2 36, 38
ਰਜਿਸਟਰ ਨੰਬਰ 4
ਰਜਿਸਟਰ ਨੰਬਰ 6 (2)
ਰਜਿਸਟਰ ਨੰਬਰ 9 (2)
ਰਜਿਸਟਰ ਨੰਬਰ 9 (3)
ਰਜਿਸਟਰ ਨੰਬਰ 9 (5)
ਰਜਿਸਟਰ ਨੰਬਰ 10
ਰਜਿਸਟਰ ਨੰਬਰ 12
ਰਜਿਸਟਰ ਨੰਬਰ 19
ਰਜਿਸਟਰ ਨੰਬਰ 21

6. Complainant / Informant (ਸ਼ਿਕਾਇਤਕਰਤਾ /ਸੂਚਨਾਕਰਤਾ):

(a) Name (ਨਾਮ): SURINDER SINGH

(b) Father's Name (ਪਿਤਾ ਦਾ ਨਾਮ) : RAVI SINGH

(c) Date/Year of Birth (ਜਨਮ ਤਰੀਕ/ਸਾਲ): 1985

(e) UID No(ਯੂਆਈਡੀ ਨੰ. ):

(d) Nationality(ਰਾਸ਼ਟਰੀਅਤਾ): INDIA

(f) Passport No. (ਪਾਸਪੋਰਟ ਨੰ.):

Date of Issue (ਜਾਰੀ ਕਰਨ ਦੀ ਮਿਤੀ):

Place of Issue
(ਜਾਰੀ ਕਰਨ ਦਾ ਸਥਾਨ ):

(g) Id details (Ration Card,Voter ID Card,Passport,UID No.,

| S.No. (ਲੜੀ ਨੰ:) | Id Type (ਪਛਾਣ ਪੱਤਰ ਦੀ ਕਿਸਮ ) | Id Number (ਪਛਾਣ ਨੰਬਰ) |
|---|---|---|
| 1 | | |

(h) Address (ਪਤਾ):

| S.No. (ਲੜੀ ਨੰ.) | Address Type (ਪਤੇ ਦੀ ਕਿਸਮ) | Address (ਪਤਾ) |
|---|---|---|
| 1 | Present Address | OFFICE MINING COMPANY PRIME,BISHAN INDUSTRY PVT.LTD NEAR , CAMBRIDGE DASUYA,DASUYA,HOSHIARPUR,PUNJAB, INDIA |
| 2 | Permanent Address | HIRNAKHERI ,CHANDPUR,BIJNOR,UTTAR PRADESH,INDIA |

(i) Occupation (ਕਿੱਤਾ ):

(j) Phone number (ਟੈਲੀਫੋਨ ਨੰ):

Mobile (ਮੋਬਾਇਲ ਨੰ.): 91-7037778778

7. Details of known/suspected/unknown accused with full particulars (ਵਾਕਿਫ਼/ਸ਼ੱਕੀ/ਅਗਿਆਤ ਮੁਲਜ਼ਮ ਦਾ ਪੂਰੇ ਵੇਰਵੇ ਸਹਿਤ ਵਰਣਨ ):

Accused More Than(ਇੱਕ ਤੋ ਵੱਧ ਅਪਰਾਧੀ ਦੀ ਗਿਣਤੀ):

| S.No. (ਲੜੀ ਨੰ) | Name (ਨਾਮ ) | Alias (ਉਪਨਾਮ) | Relative's Name (ਰਿਸ਼ਤੇਦਾਰ ਦਾ ਨਾਮ) | Present Address (ਮੌਜੂਦਾ ਪਤਾ) |
|---|---|---|---|---|
| 1 | DALJIT SINGH | | Father's Name : MILKHA SINGH | 1. MEHMODPUR BATALA, MUKERIAN,HOSHIARPUR, PUNJAB,INDIA |
| 2 | AJAY KUMAR | | Father's Name : JAY RAM | 1. BHAVNAL ,HAJIPUR, HOSHIARPUR,PUNJAB, INDIA |
| 3 | BANTY | | | 1. BADHAN ,HAJIPUR, HOSHIARPUR,PUNJAB, INDIA |

| | | | | |
|---|---|---|---|---|
| 4 | SHANTY | | | 1. BADHAN,HAJIPUR, HOSHIARPUR,PUNJAB, INDIA |
| 5 | Unknown1 | | | |
| 6 | Unknown2 | | | |
| 7 | Unknown3 | | | |
| 8 | Unknown4 | | | |
| 9 | Unknown5 | | | |

8. Reasons for delay in reporting by the complainant/informant
(ਸ਼ਿਕਾਇਤਕਰਤਾ/ਸੂਚਨਾਕਰਤਾ ਰਾਹੀਂ ਰਿਪੋਰਟ ਦੇਰੀ ਨਾਲ ਦਰਜ ਕਰਾਉਣ ਦਾ ਕਾਰਨ):

9. Particulars of properties of interest (ਸਬੰਧਿਤ ਜਾਇਦਾਦ ਦਾ ਵੇਰਵਾ):

| S.No. (ਲੜੀ ਨੰ.) | Property Category (ਜਾਇਦਾਦ ਦੀ ਸ਼੍ਰੇਣੀ ) | Property Type (ਜਾਇਦਾਦ ਦੀ ਕਿਸਮ ) | Description (ਵੇਰਵਾ) | Value(In Rs/-) (ਰਕਮ (ਰੁ ਚ)) |
|---|---|---|---|---|

10. Total value of property stolen(In Rs/-)
(ਚੋਰੀ ਹੋਈ ਜਾਇਦਾਦ ਦਾ ਕੁੱਲ ਮੁੱਲ( ਰੁ ਵਿੱਚ ) ):

11. Inquest Report / U.D. case No., if any (ਤਫਤੀਸ਼ੀ ਰਿਪੋਰਟ / ਯੂ.ਡੀ.ਪ੍ਰਕਰਣ ਸੰ. , ਜੇਕਰ ਕੋਈ ਹੋਵੇ):

| S.No. (ਲੜੀ ਨੰ.) | UIDB Number (ਯੂ.ਡੀ.ਪ੍ਰਕਰਣ ਸੰ.) |
|---|---|

12. First Information contents (ਵੇਰਵਾ):

ਬਿਆਨ ਅਜਾਨੇ ਸੁਰਿੰਦਰ ਸਿੰਘ s/o ਰਵੀ ਸਿੰਘ ਵਾਸੀ ਹਿਰਨਾਖੇੜੀ PS ਚਾਂਦਪੁਰ ਜਿਲਾ ਬਿਜਨੌਰ ਸਟੇਟ UP ਹਾਲ ਵਾਸੀ ਦਫਤਰ ਮਾਈਨਿੰਗ ਕੰਪਨੀ ਪ੍ਰਾਈਮ ਵਿਜ਼ਨ ਇੰਨਡਸਟਰੀ ਪ੍ਰਾਈਵੇਟ ਲਿਮਟਿਡ ਨਜਦੀਕ ਕੈਬ੍ਰੇਜ ਸਕੂਲ ਦਸੂਹਾ ਜਿਲਾ ਹੁਸ਼ਿਆਰਪੁਰ ਉਮਰ ਕਰੀਬ 37 ਸਾਲ ਮੋ.ਨੰ 70377-78778 ਬਿਆਨ ਕੀਤਾ ਕਿ ਮੈ ਉਕਤ ਪਤੇ ਦਾ ਰਹਿੰਣ ਵਾਲਾ ਹਾਂ ਅਤੇ ਮਹਿਕਮਾ ਮਾਈਨਿੰਗ ਕੰਪਨੀ ਪ੍ਰਾਈਮ ਵਿਜ਼ਨ ਇੰਨਡਸਟਰੀ ਪ੍ਰਾਈਵੇਟ ਲਿਮਟਿਡ ਨੋਇਡਾ ਦੇ ਸਰਕਲ ਹਾਜੀਪੁਰ, ਜੀਵਨਵਾਲ ਆਦਿ ਵਿੱਚ ਪ੍ਰਾਈਵੇਟ ਤੌਰ ਤੇ ਫਲਾਇੰਗ ਸੁਪਰ ਵਾਈਜਰ ਦੀ ਨੌਕਰੀ ਕਰਦਾ ਹਾਂ ਅਸੀ ਕੰਪਨੀ ਦੇ ਆਦੇਸ਼ਾ ਅਨੁਸਾਰ ਮਨਜੂਰ ਸ਼ੁਦਾ ਖੱਡਾ ਤੋ ਇਲਾਵਾ ਹੋਰ ਹੋ ਰਹੀ ਗੈਰ ਕਾਂਨੂੰਨੀ ਮਾਈਨਿੰਗ ਨੂੰ ਚੈਕ ਕਰਦੇ ਹਾਂ ਅਤੇ ਸਰਲਕ ਵਿੱਚ ਰੇਤਾ ਵਜਰੀ ਨਾਲ ਲੱਦੇ ਵਾਹਨਾ ਦੀ ਵੀ ਮਾਈਨਿੰਗ ਪਰਚੀ ਚੈਕ ਕਰਦੇ ਹਾਂ ਜੇਕਰ ਗੈਰ ਕਾਨੂੰਨੀ ਮਾਈਨਿੰਗ ਨਾਲ ਲੱਦੇ ਵਾਹਨ ਪਾਸ ਮਾਈਨਿੰਗ ਦੀ ਪਰਚੀ ਨਾ ਹੋਵੇ ਤਾਂ ਅਸੀ ਕੰਪਨੀ ਵੱਲੋ ਮਨਜੂਰ ਸੁਦਾ ਕੰਡੇ

ਤੇ ਉਸ ਵਾਹਨ ਦਾ ਵਜਨ ਕਰਾ ਕੇ ਕੰਪਿਊਟਰ ਪਰਚੀ ਕੱਟ ਦਿੰਦੇ ਹਾਂ ਤੇ ਰਕਮ ਹਾਸਲ ਕਰ ਲੈਂਦੇ ਹਾਂ ਮਿਤੀ 5.03.2022 ਨੂੰ ਮੈ ਸਮੇਤ ਰਾਜੀਵ ਕੁਮਾਰ s/o ਮਲਕੀਤ ਸਿੰਘ ਵਾਸੀ ਕੋਕੋਵਾਲ PS ਗੜਸ਼ੰਕਰ ਜਿਲਾ ਹੁਸ਼ਿਆਰਪੁਰ, ਗੋਰਵ ਤੋਮਰ s/o ਓਪਿੰਦਰ ਤੋਮਰ ਵਾਸੀ ਅਲੀਪੁਰ ਥਾਣਾ ਬਹਾਦਰਗੜ ਜਿਲਾ ਹਾਪੜ ਸਟੇਟ UP , ਜਗਦੀਪ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਕੰਡੀਲਾ PS ਘੁਮਾਣ ਜਿਲਾ ਗੁਰਦਾਸਪੁਰ ਦੇ ਨਾਲ ਗੱਡੀ ਨੰਬਰੀ PB 10-HE 7649 ਮਾਰਕਾ ਬਲੈਰੋ ਤੇ ਸਵਾਰ ਹੋ ਕੇ ਪਿੰਡ ਕੁਲੀਆਂ ਲੁਬਾਣਾ ਵਿਖੇ ਗੈਰ ਕਾਨੂੰਨੀ ਮਾਈਨਿੰਗ ਨਾਲ ਲੱਦੇ ਵਾਹਨਾ ਦੀ ਚੈਕਿੰਗ ਕਰ ਰਿਹੇ ਸੀ ਤਾਂ ਵਕਤ ਕਰੀਬ 11.00 ,11.15 AM ਵਜੇ ਇਕ ਟਿੱਪਰ ਨੰਬਰੀ PB-07-AS-8637 ਜਿਸ ਦਾ ਡਰਾਈਵਰ ਦਲਜੀਤ ਸਿੰਘ ਉਰਫ ਕਾਲਾ s/o ਮਿਲਖਾ ਸਿੰਘ ਵਾਸੀ ਮਹਿਮੂਦਪੁਰ ਬਟਾਲਾ PS ਮੁਕੇਰੀਆ ਜਿਲਾ ਹੁਸ਼ਿਆਰਪੁਰ ਚਲਾ ਰਿਹਾ ਸੀ ਜਿਸ ਨੂੰ ਚੈਕ ਕਰਨ ਲੱਗੇ ਜਿਸ ਪਾਸ ਲੋਡ ਰੇਤਾ ਸੀ ਮਾਈਨਿੰਗ ਪਰਚੀ ਨਾ ਹੋਣ ਕਾਰਣ ਅਸੀ ਉਸ ਨੂੰ ਟਿੱਪਟ ਦਾ ਕੰਡਾ ਕਰਾਉਣ ਲਈ ਕਿਹਾ ਸੀ ਤਾਂ ਉਹ ਸਾਡੇ ਨਾਲ ਗਾਲੀ ਗਲੋਚ ਕਰਨ ਲੱਗ ਪਿਆ ਇਸ ਦੇ ਪਿਛੇ ਟਿੱਪਰ ਨੰਬਰੀ PB 07-EM-7382 ਦਾ ਡਰਾਈਵਰ ਬੰਟੀ ਅਤੇ ਟਿੱਪਰ ਨੰਬਰ PB 07-BY-7385 ਦਾ ਡਰਾਈਵਰ ਸ਼ੰਟੀ ਵਾਸੀਆਨ ਬੰਧਣਾ ਸਾਡੇ ਨਾਲ ਆ ਕੇ ਗਾਲੀ ਗਲੋਚ ਕਰਨ ਲੱਗ ਪਏ ਤੇ ਇੱਕ ਇਨੋਵਾ ਗੱਡੀ ਰੰਗ ਸਫੇਦ ਪਿੰਡ ਭਵਨਾਲ ਵੱਲੋ ਆਈ ਜਿਸ ਵਿੱਚ 4-5 ਨੌਜਵਾਨ ਸਵਾਰ ਸਨ ਜਿਹਨਾਂ ਨੇ ਆ ਕੇ ਸਾਡੇ ਨਾਲ ਗਾਲੀ ਗਲੋਚ ਕਰਨਾ ਸੁਰੂ ਕਰ ਦਿੱਤਾ ਅਤੇ ਬੰਟੀ ਅਤੇ ਸ਼ੰਟੀ ਵਾਸੀਆਨ ਬੱਧਣ, ਅਜੈ ਕੁਮਾਰ ਪੁੱਤਰ ਜੈ ਰਾਮ ਵਾਸੀ ਭਵਨਾਲ, ਦਲਜੀਤ ਸਿੰਘ s/o ਮਿਲਖਾ ਸਿੰਘ ਵਾਸੀ ਮਹਿਮੂਦਪੁਰ ਅਤੇ ਇਨੋਵਾ ਸਵਾਰ ਨੌਜਵਾਨਾ ਤੇ ਹੋਰ ਡਰਾਈਵਰਾਂ ਨੇ ਸਾਡੀ ਗੱਡੀ ਦੀ ਭੰਨ ਤੋੜ ਸੁਰੂ ਕਰ ਦਿੱਤੀ ਜਦੋ ਮੈ ਤੇ ਰਾਜੀਵ ਕੁਮਾਰ ਨੇ ਅੱਗੇ ਹੋ ਕੇ ਉਹਨਾਂ ਨੂੰ ਰੋਕਿਆ ਤਾਂ ਅਜੈ ਕੁਮਾਰ s/o ਜੈ ਰਾਮ ਉਕਤ ਨੇ ਆਪਣੇ ਟਿੱਪਰ ਵਿੱਚੋ ਦਾਤਰ ਕੱਢ ਕੇ ਮੇਰੇ ਸਿਰ ਵਿੱਚ ਸੱਟ ਮਾਰੀ ਅਤੇ ਬਾਕੀ ਹੋਰ ਡਰਾਈਵਰਾਂ ਨੇ ਵੀ ਆਪਣੇ ਆਪਣੇ ਟਿੱਪਰਾਂ ਵਿੱਚੋ ਲੋਹੇ ਰਾਡ ਕੱਡ ਕੇ ਮੇਰੇ ਅਤੇ ਰਾਜੀਵ ਕੁਮਾਰ ਦੇ ਵਾਰ ਕੀਤੇ ਜਦੋ ਮੈ ਸੜਕ ਤੇ ਡਿੱਗ ਪਿਆ ਤਾਂ ਕਿਸੇ ਨਾਮਾਲੂਮ ਵਿਅਕਤੀ ਨੇ ਮੇਰੇ ਸਿਰ ਦੇ ਪਿਛਲੇ ਪਾਸੇ ਪੱਥਰ ਦਾ ਵਾਰ ਕੀਤਾ ਜਿਸ ਕਾਰਣ ਮੈ ਖਤਾਨਾ ਵਿੱਚ ਡਿੱਗ ਗਿਆ ਤੇ ਬੇਹੋਸ਼ ਹੋ ਗਿਆ ਜਦੋ ਮੈਨੂੰ ਹੋਸ਼ ਆਈ ਤਾਂ ਮੈ ਤੇ ਰਾਜੀਵ ਕੁਮਾਰ ਸਿਵਲ ਹਸਪਤਾਲ ਹਾਜੀਪੁਰ ਦਾਖਲ ਸੀ ਜੋ ਮੈ ਆਪਣੇ ਇਲਾਜ ਦੋਰਾਨ ਦੇਖਿਆ ਤਾਂ ਮੇਰੇ ਗੁੱਟ ਘੜੀ ਸੋਨਾ ਚੈਨੀ ਕਰੀਬ 6 ਹਜਾਰ ਰੁਪਏ ਗਾਇਬ ਸਨ ਮੈ ਉਸੇ ਦਿਨ ਹਸਪਤਾਲ ਤੋ ਛੁੱਟੀ ਲੈ ਕੇ ਆਪਣੇ ਦਫਤਰ ਦਸੂਹਾ ਵਿਖੇ ਆ ਗਿਆ ਜੋ ਦਵਾਈ ਦੇ ਅਸਰ ਹੇਠ ਹੋਣ ਕਾਰਣ ਆਪ ਜੀ ਨੂੰ ਬਿਆਨ ਨਹੀ ਲਿਖਾ ਸਕਿਆ ਅੱਜ ਮੈਨੇ ਆਪ ਪਾਸ ਬਿਆਨ ਲਿਖਵਾ ਦਿੱਤਾ ਹੈ ਮੇਰੇ ਤੇ ਹਮਲਾ ਕਰਨ ਵਾਲੇ ਬਾਕੀ ਡਰਾਈਵਰਾਂ ਨੂੰ ਮੈ ਆਪਣੇ ਸਾਹਮਣੇ ਆਉਣ ਤੇ ਪਹਿਚਾਨ ਸਕਦਾ ਹਾਂ ਉਕਤਾਨ ਵਿਆਕਤੀਆਂ ਨੇ ਮੇਰੇ ਤੇ ਪੱਥਰ ਦਾ ਵਾਰ ਮਾਰ ਦੇਣ ਦੀ ਨੀਅਤ ਨਾਲ ਕੀਤਾ ਹੈ ਇਹਨਾਂ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ ਬਿਆਨ ਲਿਖਾ ਦਿੱਤਾ ਸੁਣ ਲਿਆ ਠੀਕ ਹੈ। SD/- ਸੁਰਿੰਦਰ ਸਿੰਘ ਦਾਇਦ SD/- ਰਾਜੀਵ ਕੁਮਾਰ ਤਸਦੀਕ ਸਹੀ/- ਰਾਕੇਸ਼ ਕੁਮਾਰ ASI PS ਹਾਜੀਪੁਰ ਮਿਤੀ 7.03.2022 ਕਾਰਵਾਈ ਪੁਲਿਸ:- ਮਿਤੀ 5.03.2022 ਨੂੰ ਮਨ ASI ਹਾਜਰ ਥਾਣਾ ਸੀ ਕਿ MHC ਥਾਣਾ ਨੇ MLR's No. HS-108-2022 ਅਜਾਨੇ ਸੁਰਿੰਦਰ ਸਿੰਘ s/o ਰਵੀ ਸਿੰਘ ਵਾਸੀ ਹਿਰਨਾਖੇੜੀ PS ਚਾਦਪੁਰ ਜਿਲਾ ਬਿਜਨੋਰ ਸਟੇਟ UP ਅਤੇ MLR No. HS-107-2022 ਮਿਤੀ 5.03.2022 ਅਜਾਨੇ ਰਾਜੀਵ ਸਿੰਘ s/o ਮਲਕੀਤ ਸਿੰਘ ਵਾਸੀ ਕੋਕੋਵਾਲ PS ਗੜਸ਼ੰਕਰ ਜਿਲਾ ਹੁਸ਼ਿਆਰਪੁਰ ਸਮੇਤ ਡਾਕਟਰੀ ਚਿੱਟ ਬਿਨਾ ਨੰਬਰੀ ਸਿਵਲ ਹਸਪਤਾਲ ਹਾਜੀਪੁਰ ਤੋ ਮਸੂਲ ਹੋਣ ਤੇ ਕਾਰਵਾਈ ਲਈ ਮੇਰੇ ਹਵਾਲੇ ਕੀਤੀਆ ਜਿਸ ਤੇ ਮਨ ASI ਸਮੇਤ ਸਾਥੀ ਕਰਮਚਾਰੀਆ ਦੇ ਸਿਵਲ

ਹਸਪਤਾਲ ਹਾਜੀਪੁਰ ਪੁੱਜ ਕੇ ਡਾਕਟਰ ਸਾਹਿਬ ਪਾਸੋ ਉਕਤਾਨ ਮਜਰੂਬਾ ਬਾਰੇ ਲਿਖਤੀ ਰਾਏ ਹਾਸਲ ਕੀਤੀ ਜਿਸ ਤੇ ਡਾਕਟਰ ਸਾਹਿਬ ਨੇ ਉਕਤਾਨ ਦੋਨਾਂ ਮਜਰੂਬਾ ਨੂੰ ਬਿਆਨ ਦੇਣ ਦੇ ਫਿੱਟ ਲਿਖਿਆ ਜਿਸ ਤੇ ਉਕਤਾਨ ਦੋਨਾ ਮਜਰੂਬਾ ਨੇ ਮਨ ASI ਪਾਸ ਬਿਆਨ ਤਹਿਰੀਰ ਕਰਵਾਇਆ ਕਿ ਅਸੀ ਦਵਾਈ ਦੇ ਅਸਰ ਹੇਠ ਹਾਂ ਬਿਆਨ ਨਹੀ ਦੇ ਸਕਦੇ ਜਿਸ ਤੇ ਮਨ ASI ਵੱਲੋ ਥਾਣਾ ਪੁੱਜ ਕੇ ਰਪਟ ਨੰਬਰ 25 ਮਿਤੀ 5.03.2022 ਦਰਜ ਰੋਜਨਾਮਚਾ ਕੀਤੀ ਜੋ ਅੱਜ ਮਨ ASI ਨੂੰ ਬਜਰੀਆ ਫੋਨ ਇਤਲਾਹ ਮਿਲੀ ਕਿ ਉਕਤਾਨ ਮਜਰੂਬਾ ਸੁਰਿੰਦਰ ਸਿੰਘ ਤੇ ਰਾਜੀਵ ਕੁਮਾਰ ਕੰਪਨੀ ਵੱਲੋ ਲਈ ਕੋਠੀ ਜਿਥੇ ਉਹਨਾ ਦਾ ਦਫਤਰ ਵੀ ਹੈ ਦਸੂਹਾ ਵਿਖੇ ਹਨ ਜਿਸ ਤੇ ਮਨ ASI ਸਮੇਤ HC ਰਵੀ ਕੁਮਾਰ 1405 PHG ਰਵਿੰਦਰ ਕੁਮਾਰ 26820 ਦੇ ਪੁੱਜਾ ਜਿਥੇ ਉਕਤਾਨ ਮਜਰੂਬ ਆਪਣੇ ਦਫਤਰ ਬੈਡ ਪਰ ਹਾਜਰ ਮਿਲੇ ਜਿਸ ਤੇ ਸੁਰਿੰਦਰ ਸਿੰਘ ਉਕਤ ਨੇ ਮਨ ASI ਪਾਸ ਆਪਣਾ ਬਿਆਨ ਤਹਿਰੀਰ ਕਰਵਾਇਆ ਜਿਸ ਨੇ ਆਪਣੇ ਬਿਆਨ ਨੂੰ ਸੁਣ ਕੇ ਸਮਝ ਕੇ ਬਿਆਨ ਹੇਠ ਅੰਗਰੇਜੀ ਵਿੱਚ ਦਸਖਸਤ ਕੀਤੇ ਅਤੇ ਰਾਜੀਵ ਕੁਮਾਰ ਉਕਤ ਨੇ ਗਵਾਹੀ ਪਾਈ ਜਿਸ ਦੀ ਮਨ ASI ਨੇ ਤਸਦੀਕ ਕੀਤੀ MLR NO. Hs-108-2022 ਅਜਾਨੇ ਸੁਰਿੰਦਰ ਸਿੰਘ ਉਕਤ ਵਿੱਚ ਕੁੱਲ 2 ਸੱਟਾਂ ਲੱਗਣੀਆਂ ਤਹਿਰੀਰ ਕੀਤੀਆ ਸੱਟ ਨੰਬਰ 1 ਸ਼ਾਰਪ ਤੇ ਸੱਟ ਨੰਬਰ ਵਲੰਟ ਹਥਿਆਰ ਨਾਲ ਲੱਗਣੀਆ ਤਹਿਰੀਰ ਕੀਤੀਆ ਹਨ ਜੋ ਦੋਵੇ ਸੱਟਾਂ ਅੰਡਰ ਐਕਸਰੇ ਰੱਖੀਆ ਹਨ MLR No. HS-107-2022 ਅਜਾਨੇ ਰਾਜੀਵ ਕੁਮਾਰ ਵਿੱਚ ਡਾਕਟਰ ਸਾਹਿਬ ਨੇ ਇੱਕ ਸੱਟ ਵਲੰਟ ਹਥਿਆਰ ਨਾਲ ਲੱਗਣੀ ਤਹਿਰੀਰ ਕੀਤੀ ਹੈ ਜੋ ਐਕਸਰੇ ਅਧੀਨ ਰੱਖੀ ਹੈ ਡਾਕਟਰੀ MLR's ਤੇ ਬਿਆਨ ਬਾਲਾ ਤੋ ਸਰੇ ਦਸਤ ਸੂਰਤ ਜੁਰਮ 307,323,324,427,148,149,506 IPC ਦਾ ਹੋਣਾ ਪਾਇਆ ਜਾਂਦਾ ਹੈ ਬਿਆਨ ਹਜਾ ਲਿਖ ਕੇ ਬਰਾਏ ਕਰਾਉਣੇ ਮੁਕੱਦਮਾ ਦਰਜ ਰਜਿਸਟਰ ਹੱਥੀ PHG ਰਵਿੰਦਰ ਕੁਮਾਰ 26820 ਦੇ ਥਾਣਾ ਭੇਜਿਆ ਜਾਂਦਾ ਹੈ ਮੁਕੱਦਮਾ ਦਰਜ ਰਜਿਸਟਰ ਕਰਕੇ ਨੰਬਰ ਮੁਕੱਦਮਾ ਤੋ ਜਾਣੂ ਕੀਤਾ ਜਾਵੇ ਬਿਆਨ ਬਾਲਾ ਵੱਲੋ ਬਿਆਨ ਵਿੱਚ ਗੁੱਟ ਘੜੀ ,ਸੋਨਾ ਚੈਨ ਕਰੀਬ 6 ਹਜਾਰ ਰੁਪਏ ਗਾਇਬ ਹੋਣ ਸਬੰਧੀ ਲਿਖਾਇਆ ਹੈ ਇਸ ਸਬੰਧੀ ਬਾਅਦ ਤਫਤੀਸ਼ ਕਾਰਵਾਈ ਅਮਲ ਵਿੱਚ ਲਿਆਦੀ ਜਾਵੇਗੀ ਮੁਕੱਦਮਾ ਦੀਆ ਦੀ ਸਪੈਸ਼ਲ ਰਿਪੋਰਟਾਂ ਤਿਆਰ ਕਰਕੇ ਇਲਾਕਾ ਮੈਜਿਸਟਰੇਟ, ਅਫਸਰਾਨ ਬਾਲਾ ਦੀ ਸੇਵਾ ਵਿੱਚ ਭੇਜੀਆਂ ਜਾਣ, ਕੰਟਰੋਲ ਰੂਮ ਪਰ ਇਤਲਾਹ ਦਿੱਤੀ ਜਾਵੇ ਜੇਰੇ ਐਕਸਰੇ ਰੱਖੀਆ ਸੱਟਾਂ ਜੈਸੀ ਸੂਰਤ ਆਵੇਗੀ ਵੈਸੀ ਕਾਰਵਾਈ ਅਮਲ ਵਿੱਚ ਲਿਆਦੀ ਜਾਵੇਗੀ ਮਨ ASI ਸਮੇਤ ਸਾਥੀ ਕਰਮਚਾਰੀਆ ਦੇ ਮਸ਼ਰੂਫ ਤਫਤੀਸ਼ ਹਾਂ। ਸਹੀ/- ਰਾਕੇਸ਼ ਕੁਮਾਰ ASI PS ਹਾਜੀਪੁਰ ਮਿਤੀ 7.03.2022 ਅੱਜ ਬਾ ਹੱਦ ਰੱਕਬਾ ਦਸੂਹਾ AT: -5.55 PM

ਅੱਜ ਅੱਜ ਥਾਣਾ :- ਹਸਬ ਆਮਦ ਬਿਆਨ ਉਕਤ ਮੋਸੂਲ ਥਾਣਾ ਹੋਣ ਤੇ ਮੁਕਦਮਾ ਉਕਤ ਬਾ ਜੁਰਮ ਮਜਕੂਰ ਦਰਜ ਰਜਿਸਟਰ ਕਰਕੇ ਅਸਲ ਬਿਆਨ ਮਹਿ ਨਕਲ FIR ਹੱਥੀ ਅਰਿੰਦਾ PHG ਦੇ ਨਿਜਦ ASI ਪਾਸ ਬਰ ਮੌਕਾ ਬਰਾਏ ਤਫਤੀਸ਼ ਭੇਜੀ ਜਾ ਰਹੀ ਹੈ। ਸ਼ਪੈਸਲ ਰਿਪੋਰਟਾ ਜਾਰੀ ਕਰਕੇ ਹੱਥੀ ASI ਸੁਲਿੰਦਰ ਸਿੰਘ 1460 ਦੇ ਇਲਾਕਾ ਮੈਜਿਸਟਰੇਟ ਸਾਹਿਬ ਅਤੇ ਅਫਸਰਾਨ ਬਾਲਾ ਦੀ ਸੇਵਾ ਵਿਚ ਭੇਜੀਆ ਜਾ ਰਹੀਆ ਹਨ। ਕੰਟਰੋਲ ਰੂਮ ਤੇ ਬਜਰੀਆ ਵਾਇਰਲੈਸ ਅਤੇ ਈ-ਮੇਲ ਇਤਲਾਹ ਦਿੱਤੀ ਜਾ ਰਹੀ ਹੈ।

13 Action taken: Since the above information reveals commission of offence(s) u/s as mentioned at Item No. 2.
(ਕਾਰਵਾਈ : ਉਪਰੋਕਤ ਜਾਣਕਾਰੀ ਨਾਲ ਪਤਾ ਚੱਲਦਾ ਹੈ ਕਿ ਅਪਰਾਧ ਕਰਨ ਦਾ ਤਰੀਕਾ ਸੰ. ਨੰ 2 . ਵਿੱਚ ਦਰਸਾਈ ਧਾਰਾ ਦੇ ਤਹਿਤ ਹੈ):

(1)Registered the case and took up the investigation (ਕੇਸ ਦਰਜ ਕੀਤਾ ਗਿਆ ਅਤੇ ਪੜਤਾਲ ਨੂੰ ਲੈ ਲਿਆ): or (ਜਾਂ )

(2)Directed (Name of I.O.): (ਤਫਤੀਸ਼ੀ ਅਧਿਕਾਰੀ ਦਾ ਨਾਮ ): Rakesh kumar
Rank (ਅਹੁਦਾ): Asst. SI (Assistant Sub-Inspector)
No(ਨੰ): 356/HPR to take up the Investigation (ਨੂੰ ਜਾਂਚ ਆਪ ਪਾਸ ਲੈਣ ਲਈ ਨਿਰਦੇਸ਼ ਦਿੱਤਾ ਗਿਆ) or(ਜਾਂ

(3)Refused investigation due to (ਕਿਸ ਕਾਰਨ ਕਰਕੇ ਇਨਕਾਰ ਕੀਤਾ) :

or (ਜਾਂ)

(4)Transferred to P.S. (ਥਾਣਾ):
District (ਜ਼ਿਲ੍ਹਾ):

on point of jurisdiction (ਹੱਦਬੰਦੀ ਕਾਰਣ) .

F.I.R.read over to the complainant/informant,admitted to be correctly recorded and a copy given to the complainant/informant free of cost. (ਸ਼ਿਕਾਇਤਕਰਤਾ/ਸੂਚਨਾਕਰਤਾ ਨੂੰ ਪ੍ਰਾਥਮਿਕੀ ਪੜ੍ਹ ਕੇ ਸੁਣਾਈ ਗਈ ,ਸਹੀ ਦਰਜ ਹੋਇਆ ਮੰਨਿਆ ਅਤੇ ਇੱਕ ਕਾਪੀ ਮੁਫ਼ਤ ਸ਼ਿਕਾਇਤਕਰਤਾ ਨੂੰ ਦਿੱਤੀ ਗਈ |)

R.O.A.C.(ਆਰ.ਓ .ਏ .ਸੀ.)

14. Signature/Thumb impression of the complainant / informant (ਸ਼ਿਕਾਇਤਕਰਤਾ/ਸੂਚਨਾਕਰਤਾ ਦੇ ਹਸਤਾਖਰ / ਅੰਗੂਠੇ ਦਾ ਨਿਸ਼ਾਨ):

15. Date and time of dispatch to the court (ਅਦਾਲਤ ਵਿੱਚ ਪੇਸ਼ ਕਰਨ ਦੀ ਤਰੀਕ ਅਤੇ ਸਮਾਂ):

Signature of Officer in charge, Police Station
(ਥਾਣਾ ਪ੍ਰਭਾਰੀ ਦੇ ਹਸਤਾਖਰ)

Name(ਨਾਮ): Parvesh Kumar
Rank (ਅਹੁਦਾ): Asst. SI (Assistant Sub-Insp
No(ਸੰ.): 1356/PTK